# 2025-26 ਸਾਉਣੀ ਮੌਸਮ ਲਈ ਝੋਨੇ ਦਾ ਐਮ ਐਸ ਪੀ 69 ਰੁਪਏ ਪ੍ਰਤੀ ਕੁਇੰਟਲ ਵਧਿਆ, ਕਪਾਹ ਦਾ 589 ਰੁਪਏ

2025-26 ਦੇ ਸਾਉਣੀ ਮੰਡੀਕਰਨ ਮੌਸਮ ਲਈ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 69 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ, ਜਿਸਦਾ ਐਲਾਨ ਭਾਰਤ ਸਰਕਾਰ ਨੇ 28 ਮਈ, 2025, ਸ਼ਾਮ ਨੂੰ ਕੀਤਾ।

ਝੋਨੇ ਦੀਆਂ ਆਮ ਅਤੇ ਗ੍ਰੇਡ ਏ ਕਿਸਮਾਂ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 2,369 ਰੁਪਏ ਪ੍ਰਤੀ ਕੁੰਇੰਟਲ ਅਤੇ 2,389 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਗਿਆ ਹੈ। ਮੱਕੀ ਦਾ ਸਮਰਥਨ ਮੁੱਲ 175 ਰੁਪਏ ਵਧਾ ਕੇ 2,400 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ।

ਦਾਲਾਂ ਵਿੱਚੋਂ ਅਰਹਰ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਸਭ ਤੋਂ ਜ਼ਿਆਦਾ 450 ਰੁਪਏ ਦਾ ਵਾਧਾ ਹੋ ਕੇ 8,000 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਮਾਂਹ ਅਤੇ ਮੂੰਗੀ ਦਾ ਘੱਟੋ-ਘੱਟ ਸਮਰਥਨ ਮੁੱਲ 400 ਰੁਪਏ ਅਤੇ 86 ਰੁਪਏ ਵਧਾ ਕੇ ਕ੍ਰਮਵਾਰ 7,800 ਰੁਪਏ ਪ੍ਰਤੀ ਕੁਇੰਟਲ ਅਤੇ 8,768 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

ਸਾਉਣੀ ਦੇ ਤਿਲਹਣਾਂ ਵਿੱਚ, ਨਾਈਜਰਸੀਡ ਦਾ ਘੱਟੋ-ਘੱਟ ਸਮਰਥਨ ਮੁੱਲ 820 ਰੁਪਏ ਵਧਾ ਕੇ 9,537 ਰੁਪਏ ਪ੍ਰਤੀ ਕੁਇੰਟਲ ਅਤੇ ਤਿਲ ਦਾ ਐਮ ਐਸ ਪੀ 579 ਰੁਪਏ ਵਧਾ ਕੇ 9,846 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਮੂੰਗਫਲੀ ਦਾ ਸਮਰਥਨ ਮੁੱਲ 480 ਰੁਪਏ ਵਧ ਕੇ 7,263 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਸੋਇਆਬੀਨ (ਪੀਲੀ) ਦਾ ਐਮ ਐਸ ਪੀ 436 ਵਧਾ ਕੇ 5,328 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

ਦਰਮਿਆਨੇ ਅਤੇ ਲੰਮੇ ਰੇਸ਼ੇ ਵਾਲੀ ਕਪਾਹ ਦਾ ਘੱਟੋ-ਘੱਟ ਸਮਰਥਨ ਮੁੱਲ 589 ਰੁਪਏ ਵਧਾ ਕੇ ਕ੍ਰਮਵਾਰ 7,710 ਰੁਪਏ ਪ੍ਰਤੀ ਕੁਇੰਟਲ ਅਤੇ 8,110 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

**2025-26 ਸਾਉਣੀ ਮੌਸਮ ਦਾ ਸਰਕਾਰੀ ਖ਼ਰੀਦ ਲਈ ਖ਼ਰੀਫ਼ ਦੀਆਂ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ**

| **ਫ਼ਸਲ** | **ਐਮ ਐਸ ਪੀ 2025-26 (ਰੁਪਏ/ਕੁਇੰਟਲ)** | **ਐਮ ਐਸ ਪੀ 2024-25 (ਰੁਪਏ/ਕੁਇੰਟਲ)** | **ਵਾਧਾ (ਰੁਪਏ/ਕੁਇੰਟਲ)** | **ਵਾਧਾ (ਫ਼ੀਸਦੀ)** |
|---|---|---|---|---|
| ਝੋਨਾ (ਆਮ) | 2,369 | 2,300 | 69 | 3% |
| ਝੋਨਾ (ਗ੍ਰੇਡ ਏ) | 2,389 | 2,320 | 69 | 2.97% |
| ਜਵਾਰ (ਹਾਇਬ੍ਰਿਡ) | 3,699 | 3,371 | 328 | 9.73% |
| ਜਵਾਰ (ਮਲਦੰਡੀ) | 3,749 | 3,421 | 328 | 9.58% |
| ਬਾਜਰਾ | 2,775 | 2,625 | 150 | 5.71% |
| ਰਾਗੀ | 4,886 | 4,290 | 596 | 13.89% |
| ਮੱਕੀ | 2,400 | 2,225 | 175 | 7.86% |
| ਤੂਰ (ਅਰਹਰ) | 8,000 | 7,550 | 450 | 5.96% |
| ਮੂੰਗ | 8,768 | 8,682 | 86 | 0.99% |
| ਉੜਦ (ਮਾਂਹ) | 7,800 | 7,400 | 400 | 5.4% |
| ਮੂੰਗਫਲੀ | 7,263 | 6,783 | 480 | 7.07% |
| ਸੂਰਜਮੁਖੀ ਦੇ ਬੀਜ | 7,721 | 7,280 | 441 | 6.05% |
| ਸੋਇਆਬੀਨ (ਪੀਲੀ) | 5,328 | 4,892 | 436 | 8.91% |
| ਤਿਲ | 9,846 | 9,267 | 579 | 6.24% |
| ਨਾਈਜਰਸੀਡ | 9,537 | 8,717 | 820 | 9.4% |
| ਕਪਾਹ (ਦਰਮਿਆਨਾ ਰੇਸ਼ਾ) | 7,710 | 7,121 | 589 | 8.27% |
| ਕਪਾਹ (ਲੰਮਾ ਰੇਸ਼ਾ) | 8,110 | 7,521 | 589 | 7.83% |